File = Bani1000.doc

# ਕਿਸੇ ਤਰ੍ਹਾਂ ਦੇ ਕਰਮ ਕਾਂਢ ਜਾਂ ਵਿਖਾਵੇ ਨਾਲ ਅਕਾਲ ਪੁਰਖੁ ਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ

ਕਿਸੇ ਤਰ੍ਹਾਂ ਦੇ ਕਰਮ ਕਾਂਢ ਜਾਂ ਵਿਖਾਵੇ ਨਾਲ ਅਕਾਲ ਪੁਰਖੁ ਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ

ਅਕਾਲ ਪੁਰਖੁ ਦੀ ਸਿਫ਼ਤਿ ਸਾਲਾਹ ਕੀਤਿਆਂ ਸਦਾ ਅਨੰਦ, ਸਦਾ ਸੁਖ ਤੇ ਸਦਾ ਸ਼ਾਂਤੀ ਬਣੀ ਰਹਿੰਦੀ ਹੈ। ਇਸ ਲਈ ਹੋਰ ਚਤੁਰਾਈਆਂ ਛੱਡ ਦੇਹ, ਨਾਮੁ ਦੀ ਬਰਕਤਿ ਨਾਲ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਵੇਗਾ।

ਹੇ ਅਕਾਲ ਪੁਰਖੁ! ਤੂੰ ਬਹੁਤੇ ਵਿਖਾਵੇ ਵਾਲੇ ਤਰਲੇ ਕੀਤਿਆਂ ਕਿਸੇ ਜੀਵ ਦੇ ਵੱਸ ਵਿਚ ਨਹੀਂ ਆਉਂਦਾ। ਵੇਦਾ ਦਾ ਪਾਠ ਪੜ੍ਹਨ ਪੜ੍ਹਾਉਣ ਨਾਲ ਕੋਈ ਜੀਵ ਤੈਨੂੰ ਆਪਣੇ ਵੱਸ ਵਿਚ ਨਹੀਂ ਕਰ ਸਕਦਾ। ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਤੈਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਰਮਤੇ ਸਾਧੂਆਂ ਵਾਂਗ ਸਾਰੀ ਧਰਤੀ ਦੇ ਚਕਰ ਲਾਉਂਣ ਨਾਲ ਤੈਨੂੰ ਆਪਣੇ ਵੱਸ ਵਿਚ ਨਹੀਂ ਕੀਤਾ ਜਾ ਸਕਦਾ। ਕਿਸੇ ਤਰ੍ਹਾਂ ਦੀ ਚਤੁਰਾਈ ਜਾਂ ਸਿਆਣਪ ਨਾਲ ਤੈਨੂੰ ਆਪਣੇ ਕਾਬੂ ਵਿਚ ਨਹੀਂ ਕੀਤਾ ਜਾ ਸਕਦਾ। ਬਹੁਤਾ ਦਾਨ ਦੇਣ ਨਾਲ ਤੈਨੂੰ ਖੁਸ਼ ਨਹੀਂ ਕੀਤਾ ਜਾ ਸਕਦਾ।

ਹੇ ਅਕਾਲ ਪੁਰਖੁ! ਤੂੰ ਕਿਸੇ ਜੀਵ ਦੇ ਵੱਸ ਵਿਚ ਨਹੀਂ ਆਉਂਦਾ, ਨਾ ਹੀ ਕਿਸੇ ਉਤੇ ਰੀਝਦਾ ਹੈ। ਹੇ ਅਪਹੁੰਚ ਤੇ ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਰਹਿੰਣ ਵਾਲੇ ਅਕਾਲ ਪੁਰਖੁ! ਹਰੇਕ ਜੀਵ ਤੇਰੇ ਅਧੀਨ ਹੈ, ਇਹਨਾਂ ਸਾਰੇ ਵਿਖਾਵੇ ਵਾਲੇ ਉੱਦਮਾਂ ਨਾਲ ਕੋਈ ਜੀਵ ਤੇਰੀ ਪ੍ਰਸੰਨਤਾ ਹਾਸਲ ਨਹੀਂ ਕਰ ਸਕਦਾ ਹੈ। ਹੇ ਅਕਾਲ ਪੁਰਖੁ! ਤੂੰ ਸਿਰਫ਼ ਉਨ੍ਹਾਂ ਗੁਰਮੁਖਾਂ ਉਤੇ ਰੀਝਦਾ ਹੈ, ਜਿਹੜੇ ਤੈਨੂੰ ਸਦਾ ਚੇਤੇ ਕਰਦੇ ਰਹਿੰਦੇ ਹਨ, ਤੇਰੀ ਸਿਫ਼ਤਿ ਸਾਲਾਹ ਕਰਦੇ ਰਹਿੰਦੇ ਹਨ, ਕਿਉਂਕਿ ਤੇਰਾ ਭਜਨ ਕਰਨ ਵਾਲਿਆਂ ਭਗਤਾਂ ਨੂੰ ਸਿਰਫ਼ ਤੇਰਾ ਹੀ ਆਸਰਾ ਹੁੰਦਾ ਹੈ।

*ਮਃ ੫ ॥ ਅਨਦ ਸੂਖ ਬਿਸ੍ਰਾਮ ਨਿਤ ਹਰਿ ਕਾ ਕੀਰਤਨੁ ਗਾਇ ॥ ਅਵਰ ਸਿਆਣਪ ਛਾਡਿ ਦੇਹਿ ਨਾਨਕ ਉਧਰਸਿ ਨਾਇ ॥੨॥ ਪਉੜੀ ॥ ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥ ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥ ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥ ਨਾ ਤੂ ਆਵਹਿ ਵਸਿ ਧਰਤੀ ਧਾਈਐ ॥ ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥ ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥ ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥ ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥ (੯੬੨)*

http://www.geocities.ws/sarbjitsingh,
http://www.sikhmarg.com/article-dr-sarbjit.html